# 8
# ਨੌਮ ਚੌਮੱਸਕੀ ਦੀਆਂ ਭਾਸ਼ਾ-ਗ੍ਰਹਿਣ ਸੰਬੰਧੀ ਧਾਰਨਾਵਾਂ

ਅਵਰਾਮ ਨੌਮ ਚੌਮੇਂਸਕੀ (Avram Noam Chomasky) ਦਾ ਜਨਮ ਅਮਰੀਕਾ ਵਿੱਚ 1928 ਈ. ਵਿੱਚ ਹੋਇਆ । ਉਹ ਇੱਕ ਬਹੁ-ਮੁਖੀ ਪ੍ਰਤਿਭਾ ਦੇ ਮਾਲਕ ਹਨ ਜੋ ਇੱਕੋ ਸਮੇਂ ਦਾਰਸ਼ਨਿਕ, ਭਾਸ਼ਾ-ਵਿਗਿਆਨੀ, ਗਿਆਨਾਤਮਿਕ ਵਿਗਿਆਨੀ, ਨਿਆਇ ਸ਼ਾਸਤਰੀ, ਰਾਜਨੀਤਿਕ ਟਿੱਪਣੀਕਾਰ ਤੇ ਸਰਗਰਮ ਕਾਰਜ ਕਰਤਾ ਹਨ । ਜਿਨ੍ਹਾਂ ਨੇ ਵੱਖ-ਵੱਖ ਵਿਸਿਆਂ ਉੱਤੇ ਲਗਭਗ 100 ਪੁਸਤਕਾਂ ਲਿਖੀਆਂ ਹਨ । ਕੁਝ ਲੋਕ ਉਨ੍ਹਾਂ ਨੂੰ 'ਆਧੁਨਿਕ ਭਾਸ਼ਾ ਵਿਗਿਆਨ ਦਾ ਪਿਤਾ ਵੀ ਕਹਿੰਦੇ ਹਨ।

ਨੌਮ-ਚੌਮਸਕੀ ਦੀਆਂ ਭਾਸ਼ਾ ਗ੍ਰਹਿਣ ਸੰਬੰਧੀ ਧਾਰਨਾਵਾਂ/ਸਿਧਾਂਤ (Noam Chomasky Theory or Views about Language Acquisition) I

1. ਵਰਾਸਤੀ ਜਾਂ ਜਮਾਂਦਰੂ ਯੋਗਤਾ (Inherited or Innate Ability): ਚਮਸਕੀ ਦੇ ਸਿਧਾਂਤ ਅਨੁਸਾਰ, ਭਾਸ਼ਾ ਗ੍ਰਹਿਣਤਾ ਮਨੁੱਖੀ ਦਿਮਾਗ਼ ਦੀ ਜਮਾਂਦਰੂ ਸੰਰਚਨਾ ਜਾਂ ਕਾਰਜ ਹੈ । ਉਸ ਦਾ ਵਿਚਾਰ ਹੈ ਕਿ ਬੱਚੇ ਕਿਸੇ ਵੀ ਭਾਸ਼ਾ ਨੂੰ ਸਿੱਖਣ ਦੀ ਯੋਗਤਾ, ਵਿਰਸੇ ਦੇ ਰੂਪ ਵਿੱਚ, ਜਨਮ ਤੋਂ ਹੀ ਪ੍ਰਾਪਤ ਕਰਕੇ ਆਉਂਦੇ ਹਨ । ਉਸਦਾ ਦਾਅਵਾ ਹੈ ਕਿ ਕੁਝ ਭਾਸ਼ਾ ਵਿਗਿਆਨਿਕ ਸਰੰਚਨਾਵਾਂ ਜੋ ਬੱਚੇ ਇੰਨੀ ਸ਼ੁੱਧਤਾ ਨਾਲ ਪ੍ਰਯੋਗ ਕਰਦੇ ਹਨ, ਲਾਜ਼ਮੀ ਤੌਰ 'ਤੇ ਬੱਚੇ ਦੇ ਮਨ ਉੱਤੇ ਪਹਿਲਾਂ ਤੋਂ ਹੀ ਉਕਰੇ ਹੁੰਦੇ ਹਨ ।

KNOWLEDGE IS VISION SUPREME
ज्ञानं चक्षुर्मनुष्याणाम

2. ਚੌਮਸਕੀ ਦਾ ਵਿਸ਼ਵਾਸ ਹੈ ਕਿ ਦਿਮਾਗ਼ ਦੀਆਂ ਕੁਝ ਸਰੰਚਨਾਵਾ (Structures) ਹਨ ਜੋ ਵਾਣੀ (Speech) ਉਤਪੱਤੀ ਤੇ ਵਿਆਖਿਆ (Production and Interpretation) ਨੂੰ ਕਾਬੂ ਵਿੱਚ ਰੱਖਦੀਆਂ ਹਨ ।

3. ਬੱਚਿਆਂ ਨੂੰ ਕਿਸੇ ਕਿਸਮ ਦੀ ਰਸਮੀ ਸਿੱਖਿਆ, ਬੋਲਣ ਤੇ ਸਿੱਖਣ ਲਈ, ਲੈਣ ਦੀ ਲੋੜ ਨਹੀਂ ਹੈ।

4. ਭਾਸ਼ਾ ਗ੍ਰਹਿਣ ਉਪਕਰਨ (Language Acquisition Device— LAD); ਚੌਮਸਕੀ ਦੇ ਨੁਸਾਰ ਹਰੇਕ ਬੱਚੇ ਇੱਕ 'ਭਾਸ਼ਾ ਗ੍ਰਹਿਣ ਉਪਕਰਨ' (LAD) ਹੁੰਦਾ ਹੈ ਜੋ ਬੱਚੇ ਦੇ ਦਿਮਾਗ਼ ਵਿੱਚ, ਭਾਸ਼ਾ ਦੇ ਤਾਂ ਅਤੇ ਇਸਦੀਆਂ ਵਿਆਕਰਨਿਕ ਸਰੰਚਨਾਵਾਂ ਨੂੰ ਇਨਕੋਡ (Encode) ਕਰਦਾ ਹੈ । ਬੱਚੇ LAD ਤੋਂ ਵਾਕ ਈ ਨਵੀਂ ਸ਼ਬਦਾਵਲੀ ਤੇ ਵਾਕ ਰਚਨਾ ਸੰਬੰਧੀ ਸੰਰਚਨਾ ਪ੍ਰਾਪਤ ਕਰਦੇ ਹਨ ।

5 ਬਾਲਿਗਾਂ ਦੀ ਵਾਣੀ/ਗੱਲਬਾਤ (Speech of Adults): ਚੌਮਸਕੀ ਅਨੁਸਾਰ, ਇੱਕ ਬੱਚਾ ਇੱਕ ਅਨੁਕਰਨ ਦੁਆਰਾ ਹੀ ਨਹੀਂ ਸਿੱਖ ਸਕਦਾ ਕਿਉਂਕਿ ਉਸਦੇ ਆਲੇ-ਦੁਆਲੇ ਬੋਲੀ ਜਾਣ ਵਾਲੀ ਭਾਸ਼ਾ ਟੁੱਟੀ-ਭੱਜੀ ਅਤੇ ਕਈ ਵਾਰੀ ਅਣ-ਵਿਆਕਰਨਿਕ ਹੁੰਦੀ ਹੈ 6. ਜੱਦੀ ਭਾਸ਼ਾ (Native Language): ਚੌਮਸਕੀ ਸਿਧਾਂਤ ਸਭ ਭਾਸ਼ਾਵਾਂ ਉਤੇ ਲਾਗੂ ਕੀਤਾ ਜਾ ਸਕਦਾ ਹੈ ਕਿਉਂਕਿ ਹਰੇਕ ਵਿੱਚ ਨਾਂਵ, ਕਿਰਿਆਵਾਂ, ਵਿਅੰਜਨ, ਸਵਰ (Vowels) ਹੁੰਦੇ ਹਨ ਅਤੇ ਬੱਚੇ ਵਿਆਕਰਨ ਰਹਿਤ ਕਰਨ ਲਈ Hardwired ਦਿਸਦੇ ਹਨ । ਹਰੇਕ ਭਾਸ਼ਾ ਅਤਿ ਦਰਜੇ ਦੀ ਜਟਿਲ ਹੁੰਦੀ ਹੈ,

ਜਿਸ ਵਿੱਚ ਸ਼ਾਮ ਵਿਲੱਖਣਤਾਵਾਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਜਾਂਦਾ (Native ਬੁਲਾਰਿਆਂ ਨੂੰ ਵੀ ਨਹੀਂ ਪਤਾ ਹੁੰਦਾ । ਵਿਰਦੀ, ਸਾਰੇ ਬੱਚੇ, ਆਪਣੀ ਪਰਿਕ ਐਸ ਬੇਪਰਵਾਹ, ਪੰਜ ਜਾਂ ਛੇ ਸਾਲਾਂ ਦੇ ਅੰਦਰ ਅੰਦਰ ਆਪਣੀ ਜੱਦੀ ਭਾਸ਼ਾ ਵਿੱਚ ਪ੍ਰਵਾਸ਼ ਤੇ ਰਵਾਨੀ ਪਾਪਤ ਕਰ ਲੈਂਦੇ ਹਨ|

7. **<u>ਜਨਰੇਟਿਵ ਵਿਆਕਰਨ ਸਿਧਾਂਤ (Generative Grammer Theory )</u>**-ਭਾਸ਼ਾ-ਵਿਕਾਸ ਦੇ ਅਧਿਐਨ ਦੇ ਖੇਤਰ ਵਿੱਚ ਇਸਨੂੰ ਇੱਕ ਨਵੀਨ ਸਿਧਾਂਤ ਮੰਨਿਆ ਜਾਂਦਾ ਹੈ । ਇਸ ਸਿਧਾਂਤ ਦੀ ਪ੍ਰਮਧਾਰਨਾ ਇਹ ਹੈ ਕਿ ਬੱਚੇ ਸ਼ਬਦਾਂ ਦੀ ਇੱਕ ਨਿਸ਼ਚਿਤ ਸੰਖਿਆ ਤੇ ਕੁਝ ਨਿਯਮਾਂ ਦਾ ਅਨੁਸਰਨ ਕਰਦੇ ਹੋਏ, ਕਈ ਵਾਤਾ ਨਿਰਮਾਣ ਕਰ ਲੈਂਦੇ ਹਨ । ਇਹਨਾਂ ਸ਼ਬਦਾਂ ਤੋਂ ਨਵੇਂ-ਨਵੇਂ ਵਾਕ ਬਣਦੇ ਹਨ ਜਿਨ੍ਹਾਂ ਦੇ ਵੱਖ-ਵੱਖ ਅਰਥ ਹੁੰਦੇ ਹਨ । ਇਹਨਾਂ ਵਾਕਾਂ ਦੇ ਨਿਰਮਾਣ ਵਿੱਚ ਬੱਚੇ ਜਿਨ੍ਹਾਂ ਨਿਯਮਾਂ ਦੁਆਰਾ ਨਿਰਦੇਸਿਤ ਹੁੰਦੇ ਹਨ, ਉਨ੍ਹਾਂ ਨੂੰ ਹੀ ਚਮਕੀ ਧਾਤ ਦਾ ਜਇ ਗਰਾਮਰ ਥਿਊਰੀ (Generative Grammar Theory) ਕਿਹਾ ਜਾਂਦਾ ਹੈ | ਚੌਮਸਕੀ ਦਾ ਵਿਚਾਰ ਹੈ ਕਿ ਕਿਸੇ ਇੱਕ ਹੀ ਸ਼ਬਦ-ਸਮੂਹ ਨੂੰ ਵੱਖ-ਵੱਖ ਕ੍ਰਮ ਵਿੱਚ ਸਥਾਪਿਤ ਕਰਨ ਅਤੇ ਨਵੇਂ-ਨਵੇਂ ਸੰਦਰਭਾਂ ਵਿੱਚ ਪ੍ਰਯੋਗ ਕਰਨ ਦੀ ਸਮਰੱਥਾ ਤੇ ਵਿਆਕਰਨ ਦੇ ਪਾਲਣ ਦੀ ਕੁਸ਼ਲਤਾ, ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਵਿਕਸਿਤ ਹੋਣੀ ਆਰੰਭ ਹੋ ਜਾਂਦੀ ਹੈ । ਉਦਾਹਰਨ ਲਈ- ਬੱਚੇ ਨੇ ਇੱਕ ਸਾਧਾਰਨ ਵਾਕ ਦਾ ਨਿਰਮਾਣ ਕੀਤਾ ਬੱਚੇ ਨੇ ਖਾਣਾ ਖਾਧਾ?'

ਉਹ ਇਸਨੂੰ ਕਈ ਪ੍ਰਕਾਰ ਲਿਖਣ ਦੀ ਸਮਰੱਥਾ ਰੱਖਦਾ ਹੈ, ਜਿਵੇਂ-

'ਬੱਚੇ ਨੇ ਪੂਰਾ ਖਾਣਾ ਖਾਧਾ |' (ਵਿਸਮਿਕ ਬੋਧਿਕ)

'ਕੀ ਬੱਚੇ ਨੇ ਖਾਣਾ ਖਾਧਾ' (ਪ੍ਰਸ਼ਨਵਾਚਕ)

'ਬੱਚੇ, ਖਾਣਾ ਖਾਉ।' (ਆਗਿਆਵਾਚਨ)

ਇੱਥੇ ਉਪਰਲੇ ਸਾਰੇ ਕਥਨਾਂ ਦੀ ਉਪਰਲੀ ਪ੍ਰਤੀ ਸੰਰਚਨਾ (ਭਾਵ) ਵੱਖ-ਵੱਖ ਹੈ, ਪਰੰਤੂ ਅੰਦਰਲੀ ਸਰੰਚਨਾ ਇਕ ਸਮਾਨ ਹੈ । ਬਾਲਿਗ ਵਿਅਕਤੀ ਰਸਮੀ ਰੂਪ ਵਿੱਚ ਵਿਆਕਰਨ ਦੇ ਗਿਆਨ ਨਾਲ ਪਹੁੰਚਿਤ ਹੁੰਦਾ ਹੈ । ਇਸ ਲਈ ਉਹ ਉਪਰੋਕਤ ਕਥਨਾ ਨੂੰ ਇੱਕ ਦੂਸਰੇ ਤੋਂ ਭਿੰਨ ਸਮਝਦਾ ਹੈ । ਪਰੰਤੂ ਬਾਲਿਗਾਂ ਤੇ ਬੱਚਿਆਂ ਦੇ ਵਿਆਕਰਨ ਵਿੱਚ ਭਿੰਨਤਾ ਹੁੰਦੀ ਹੈ । ਬਾਲਕ ਵਾਕਾਂ ਨੂੰ ਬੋਲਦੇ ਸਮੇਂ ਗ਼ੈਰ-ਰਸਮੀ ਵਿਆਕਰਨ ਦੇ ਨਿਯਮਾਂ ਦਾ ਪਾਲਨ ਕਰਦੇ ਹਨ ।

ਇਸ ਤਰ੍ਹਾਂ, ਚਮਸਕੀ ਦਾ ਵਿਚਾਰ ਹੈ ਕਿ ਬੱਚੇ ਰਸਮੀ ਵਿਆਕਰਨ ਦੁਆਰਾ ਨਿਰਦੇਸ਼ਿਤ ਨਹੀਂ ਹੁੰਦੇ ਸਗੋਂ ਉਹ ਗੈਰ-ਰਸਮੀ ਵਿਆਕਰਨ ਦੇ ਨਿਯਮਾ ਦੁਆਰਾ ਸ਼ਬਦਾਂ ਨੂੰ ਉਨ੍ਹਾਂ ਦੇ ਅਰਥ ਨਾਲ ਸੰਬੰਧਿਤ ਕਰ ਦਿੰਦੇ ਹਨ । ਅਜਿਹਾ ਕਰਕੇ ਬੱਚੇ ਜਿਨ੍ਹਾਂ ਨਿਯਮਾਂ ਦਾ ਬੱਚੇ ਅਨੁਸਰਨ ਕਰਦੇ ਹਨ, ਚੌਮਸਕੀ ਨੇ ਕਿਉਂਕਿ ਇਨ੍ਹਾਂ ਨਿਯਮਾਂ ਦਾ ਪ੍ਰਯੋਗ ਕਰਕੇ, ਬੱਚੇ ਨਵੇਂ-ਨਵੇਂ ਵਾਕਾਂ ਦਾ ਨਿਰਮਾਣ ਕਰਨਾ  ਹਨ। ਉਨ੍ਹਾਂ ਨੂੰ 'ਜਨਰੇਟਿਵ ਵਿਆਕਰਨ' ਦਾ ਨਾਮ ਦਿੱਤਾ ਹੈ।

**ਚੌਮਸਕੀ ਅਨੁਸਾਰ ਭਾਸ਼ਾ ਵਿਕਾਸ ਦੀਆਂ ਵਿਸ਼ੇਸ਼ਤਾਵਾਂ** (Characteristics of Language Development According to Chomsky)

1. ਬੱਚਿਆਂ ਵਿੱਚ ਭਾਸ਼ਾ ਵਿਕਾਸ ਤੇ ਭਾਮਾ ਗ੍ਰਹਿਣਤਾ ਅਤੇ ਇੱਕੋ ਸਮੇਂ ਕਈ ਭਾਸ਼ਾਵਾਂ ਸਿਖਣ ਦੀ ਬਹੁਤ (Rich) ਸਮਰੱਥਾ ਹੁੰਦੀ ਹੈ ।
2. ਚੌਮਸਕੀ ਦਾ ਵਿਸ਼ਵਾਸ ਹੈ ਕਿ ਬਾਲਿਗਾ ਦੇ ਮੁਕਾਬਲੇ, ਬੱਚਿਆਂ ਵਿੱਚ ਭਾਸ਼ਾ ਦੇ ਵਧੇਰੇ ਬੋਧ (Comprehension) ਦੀ ਜਮਾਂਦਰੂ ਯੋਗਤਾ ਹੁੰਦੀ ਹੈ ।
3. ਤੇ ਜਿਵੇਂ-ਜਿਵੇਂ ਉਮਰ ਵੱਧਦੀ ਹੈ, ਵਿਅਕਤੀ ਦੀ ਭਾਸ਼ਾ ਸਿੱਖਣ ਦੀ ਯੋਗਤਾ ਵਿੱਚ ਗਿਰਾਵਟ ਆਉਂਦੀ ਜਾਂਦੀ ਹੈ।
4. ਭਾਸਾ ਵਿਕਾਸ, ਵਿਅਕਤੀ ਦੀ ਜੈਵਿਕ ਰੂਪ ਨਾਲ ਪਰਿਭਾਸ਼ਿਤ ਪ੍ਰੋਗਰਾਮ"(Geneticall Defined Programme) ਨੂੰ ਖੋਲ੍ਹਣ (Unfold) ਦੀ ਯੋਗਤਾ ਦਾ ਸਿੱਧਾ ਨਤੀਜਾ ਹੈ ।
5. ਚੌਮਸਕੀ ਦਾ ਵਿਚਾਰ ਹੈ ਕਿ ਸਾਰੇ ਬੱਚੇ, ਭਾਸ਼ਾ ਨੂੰ ਸਮਝਣ ਦੀ ਜਮਾਂਦਰੂ ਯੋਗਤਾ ਰੱਖਦੇ ਹਨ ਅਤੇ ਉਹ ਅਨੇਕਾਂ ਸਾਲਾਂ ਦੇ ਵਿਕਾਸਵਾਦ ਅਤੇ ਜੈਵਿਕ ਅਨੁਕੂਲਨ (Evolution and Genetic Adaptation) ਦੇ ਨਤੀਜੇ ਵਜੋਂ ਵਿਆਕਰਨ ਨੂੰ ਸਮਝਦੇ ਹਨ।

6. ਚਮਸਕੀ ਨੇ ਇਸ ਜਖ਼ਦਰ ਯੋਗਤਾ (Imate Ability) ਨੂੰ ਸਰਵ-ਵਿਆਪਕ ਵਿਆਕਰਨ (Universal (Grammar) ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਹੈ । ਉਸਦਾ ਵਿਸ਼ਵਾਸ਼ ਹੈ ਕਿ ਇਹ ਉਹ ਆਧਾਰ ਹੈ ਜਿਸ ਉਤੇ ਮਾਨਵ, ਆਪਣੀ ਨਿਯਮਿਤ ਭਾਸ਼ਾ ਦਾ ਵਿਕਾਸ ਕਰਦੇ ਹਨ

7 ਉਸ ਨੇ ਇਹ ਪ੍ਰਤੀਪਾਦਿਤ ਕੀਤਾ ਹੈ ਕਿ ਸਾਰੇ ਮਾਨਵਾਂ ਕੋਲ ਭਾਸ਼ਾ-ਗ੍ਰਹਿਣ ਯੰਤਰ (Language Acquisition Device — LAD) ਹੁੰਦਾ ਹੈ । ਇਸਦੇ ਵਿੱਚ ਸਾਰੀਆਂ ਭਾਸ਼ਾਵਾਂ ਦੇ ਸਾਧਾਰਨ ਵਿਆਕਰਨਿਕ ਨਿਯਮਾਂ ਦਾ ਗਿਆਨ ਹੁੰਦਾ ਹੈ। ਬੱਚਿਆਂ ਨੂੰ LAD, ਜੋ ਵੀ ਭਾਸ਼ਾ ਬੱਚੇ ਸੁਣਦੇ ਹਨ, ਉਸਦੇ ਨਿਯਮਾਂ ਨੂੰ ਸਮਝਣ ਦੀ ਸਵੀਕ੍ਰਿਤੀ ਦਿੰਦਾ ਹੈ । LAD ਇਕ ਮਨੋਕਲਪਿਤਕ ਉਪਕਰਨ ਹੈ ਜੋ ਮਨੁੱਖੀ ਦਿਮਾਗ਼ ਵਿੱਚ ਫੈਲਿਆ ਹੁੰਦਾ ਹੈ । ਇਹ ਉਪਕਰਨ ਬੱਚੇ ਨੂੰ ਤੇਜੀ ਨਾਲ ਭਾਸ਼ਾ ਸਿੱਖਣ ਤੇ ਸਮਝਣ ਵਿੱਚ ਸਹਾਇਤਾ ਕਰਦਾ ਹੈ ।

8 ਚਮਸਕੀ ਅਨੁਸਾਰ, ਕਿਸੇ ਵਿਅਕਤੀ ਵਲੋਂ ਕਿਸੇ ਭਾਸ਼ਾ ਨੂੰ ਸੰਪੂਰਨ ਰੂਪ ਤੋਂ ਜਾਣਨ ਲਈ ਉਸਦੇ ਵਾਕਾਂ ਦਾ ਅਸੀਮਤ ਸੰਖਿਆ ਵਿੱਚ ਨਿਰਮਾਣ ਕਰਨ ਦੀ ਯੋਗਤਾ ਦਾ ਵਿਕਾਸ ਕਰਨਾ ਚਾਹੀਦਾ ਹੈ ਜੋ ਪਹਿਲਾਂ ਬੋਲੇ ਨਾ ਗਏ ਹੋਣ ਅਤੇ ਉਨ੍ਹਾਂ ਵਾਕਾਂ ਨੂੰ ਸਮਝਣ ਦੀ ਯੋਗਤਾ ਦਾ ਵਿਕਾਸ ਕਰਨਾ ਚਾਹੀਦਾ ਹੈ ਜੋ ਪਹਿਲਾਂ ਸੁਣੇ ਨਾ ਗਏ ਹੋਣ । ਚਮਸਕੀ ਨੇ ਇਸ ਯੋਗਤਾ ਨੂੰ ਭਾਸ਼ਾ ਦਾ "ਸਿਰਜਨਾਤਮਿਕ ਪੱਖ (Creative Aspects) ਕਿਹਾ ਹੈ।

9. ਮਸਕੀ ਅਨੁਸਾਰ ਸਾਰੇ ਮਾਨਵ ਜੈਵਕੀ ਰੂਪ ਵਿੱਚ ਗਿਆਨ ਪ੍ਰਾਪਤ ਕਰਨ ਲਈ ਪ੍ਰੋਗਰਾਮੀ (Programmed) ਹੁੰਦੇ ਹਨ।

10. ਚੌਮਸਕੀ ਦੇ ਕਾਰਜ ਦਾ ਮਨੋਵਿਗਿਆਨ ਵਿੱਚ ਵੀ ਬਹੁਤ ਮਹੱਤਵ ਹੈ । ਉਸ ਅਨੁਸਾਰ ਭਾਸ਼ਾ ਦਾ ਵਿਗਿਆਨ, ਗਿਆਨਾਤਮਿਕ ਮਨੋਵਿਗਿਆਨ ਦੀ ਇੱਕ ਸਾਖਾ ਹੈ । ਉਸਦਾ 'ਸਰਵ-ਵਿਆਪਕ ਵਿਆਕਰਨ" ਦਾ ਸਿਧਾਂਤ ਵਿਵਹਾਰਾਤਮਿਕ ਸਿਧਾਂਤਾ ਲਈ ਸਿੱਧੀ ਚੁਣੌਤੀ ਹੈ। ਉਸਦੇ ਸਿਧਾਂਤ ਤੋਂ ਇਹ ਪਤਾ ਲੱਗਾ ਹੈ ਕਿ ਬੱਚੇ ਕਿਵੇ ਭਾਸ਼ਾ ਸਿੱਖਦੇ ਹਨ ਅਤੇ ਭਾਸ਼ਾ ਦੇ ਉਪਯੋਗ ਦੀ ਯੋਗਤਾ ਕੀ ਹੈ?

ਚੌਮਸਕੀ ਦੇ ਸਿਧਾਂਤ ਦੇ ਪੱਖ ਵਿੱਚ ਪ੍ਰਮਾਣ (Evidences to Support Chomsky's Theory)

1. ਬੱਚਾ 'ਬੋਲਣਾ' ਸਿੱਖਦੇ ਸਮੇਂ ਕਦੀ ਵੀ ਵਿਆਕਰਨ ਦੀ ਤਰੁੱਟੀ ਨਹੀਂ ਕਰਦੇ, ਜਿਵੇਂ ਕਰਤਾ, ਕਿਰਿਆ ਅਤੇ ਕਰਮ ਦੇਸਪੂਰਨ ਕ੍ਰਮ ॥
2. ਸਿੱਖਣ ਦੀ ਇੱਕ ਉਪਯੁਕਤ ਉਮਰ ਹੁੰਦੀ ਹੈ । ਤਿੰਨ ਤੋਂ ਦਸ ਸਾਲਾਂ ਦੀ ਉਮਰ ਵਿਚਕਾਰ, ਇੱਕ ਬੱਚਾ ਬਹੁਤ ਚੰਗੀ ਤਰਾਂ ਤੇ ਪੂਰੀ ਤਰ੍ਹਾਂ ਭਾਸ਼ਾ ਸਿੱਖਦਾ ਹੈ ਅਤੇ ਤੇਜੀ ਨਾਲ ਗ੍ਰਹਿਣ ਕਰਦਾ ਹੈ ।
3. 3. ਇੱਕ ਬੱਚੇ ਨੂੰ ਭਾਸ਼ਾ ਗ੍ਰਹਿਣ ਕਰਨ ਲਈ ਕਿਸੇ ਤੁਨਕੇ (Trigger) ਦੀ ਜ਼ਰੂਰਤ ਨਹੀਂ ਹੁੰਦੀ । ਇਹ ਆਪਣੇ ਆਪ ਵਾਪਰਦਾ ਹੈ । ਮਾਪਿਆਂ ਨੂੰ ਵੀ ਬੱਚੇ ਨੂੰ ਬੋਲਣਾ ਸਿਖਾਉਣ ਲਈ ਮਨਾਉਣਾ ਨਹੀਂ ਪੈਂਦਾ ।
4. 4. ਚੌਮਸਕੀ ਦਾ ਵਿਸ਼ਵਾਸ ਹੈ ਕਿ ਭਾਸ਼ਾ ਫੈਕਲਟੀ (Language Faculty) ਵਿੱਚ ਹੋਰ ਪ੍ਰਜਾਤੀਆਂ (Species) ਨਾਲ ਮਨੁੱਖ ਦੀ ਤੁਲਨਾ ਕੀਤੀ ਜਾ ਸਕਦੀ ਹੈ। ਸਾਡੇ ਵਿੱਚ ਭਾਸ਼ਾਈ ਯੋਗਤਾ ਨਾ ਕੇਵਲ ਇੰਨੀ ਉੱਤਮ ਹੈ ਸਗੋਂ ਇਸਦੇ ਨਿਯਮ ਤੇ ਸੰਕੇਤ ਵੀ, ਕਿਸੇ ਹੋਰ ਪ੍ਰਜਾਤੀ ਵਿੱਚ ਨਹੀਂ ਮਿਲਦੇ । ਕਿਸੇ ਹੈਮਪੋਜੀ ਨੂੰ ਕੁਝ ਸਿਖਾਉਣ ਲਈ ਅਤਿਅਧਿਕ ਯਤਨ ਅਤੇ ਸਿਖਲਾਈ ਦੇਣੀ ਪੈਂਦੀ ਹੈ ਜਦੋਂ ਕਿ ਮਨੁੱਖ ਨੂੰ ਉਹੀ ਚੀਜ਼ ਸਿਖਾਉਣ ਲਈ ਬਹੁਤ ਥੋੜ੍ਹੀ ਮਿਹਨਤ ਕਰਨੀ ਪੈਂਦੀ ਹੈ ।
5. 5. ਮਸਕੀ ਅਨੁਸਾਰ ਬੱਚੇ ਭਾਸ਼ਾ ਵਿਕਾਸ ਦੀ ਇਕੋ ਜਿਹੀ ਪ੍ਰਣਾਲੀ ਦਾ ਅਨੁਕਰਣ ਕਰਦੇ ਹਨ, ਚਾਹੇ ਭਾਸ਼ਾ ਕੋਈ ਵੀ ਹੋਵੇ ।

6 ਚੌਮਸਕੀ ਦਾ ਦਾਅਵਾ ਹੈ ਕਿ ਬੱਚੇ ਦੀ ਭਾਸ਼ਾ ਦਾ ਅੰਗ (Language Organ) ਵਿਕਾਸ ਪ੍ਰਕਿਰਿਆ ਦੁਆਰਾ ਪਰਿਪੱਕ ਹੁੰਦਾ ਰਹਿੰਦਾ ਹੈ । ਚੀਕਣ ਵਾਲੀ ਅਵੱਸਥਾ ਵਿੱਚ, ਬੱਚੇ ਜੋ ਸ਼ਬਦਾਂ ਜਾਂ ਅੱਖਰਾਂ ਦੀਆਂ ਆਵਾਜ਼ਾਂ ਕੱਢਦੇ ਹਨ, ਉਹ ਉਨ੍ਹਾਂ ਨੇ ਪਹਿਲਾਂ ਕਦੀ ਵੀ ਸੁਣੀਆਂ ਨਹੀਂ ਹੁੰਦੀਆਂ । ਚੌਮਸਕੀ ਅਨੁਸਾਰ ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਭਾਸ਼ਾ ਫੈਕਲਟੀ ਵਿੱਚ ਪਹਿਲਾਂ ਤੋਂ ਹੀ ਸਭ ਧੁਨੀਆਂ ਦਾ ਗਿਆਨ ਵਿਦਮਾਨ ਹੁੰਦਾ ਹੈ ਜਿਨ੍ਹਾਂ ਨੂੰ ਕਿਸੇ ਵੀ ਸਮੇਂ ਦੁਬਾਰਾ ਉਤਪੰਨ ਕੀਤਾ ਜਾ ਸਕਦਾ ਹੈ।

7 ਚੌਮਸਕੀ ਦੇ ਸਿਧਾਂਤ ਨੂੰ ਜੀਵ ਵਿਗਿਆਨ ਦਾ ਸਮਰਥਨ ਦੀ ਪ੍ਰਾਪਤ ਹੈ । ਲਗਭਗ ਸਾਰੇ ਸੱਜੇ ਹੱਥ ਵਾਲੇ ਵਿਅਕਤੀਆਂ ਦਾ ਭਾਸ਼ਾ-ਕੇਂਦਰ ਦਿਮਾਗ ਦੇ ਰੱਖੇ ਹੈ ਸਿਟੀਅਰ(Letter) ਵਿੱਚ ਸਥਿਤ ਦਾ ਹੈ। ਇਹ ਹੈਮ-ਟੀਅਰ, ਸੱਜੇ ਪੈਮੀਸੀਟੀਅਰ ਤੋਂ ਦੌੜਾਂ ਅਤੇ ਬਨਾਵਟ ਵਿੱਚ ਭਿੰਨ ਹੁੰਦਾ ਹੈ । ਪੱਖ ਹੈਮਸਟੀਅਰ ਵਿੱਚ ਕੋਈ ਵਿਸ਼ੇਸ਼ ਖੇਤਰ ਹੁੰਦੇ ਹਨ ਜਿਨ੍ਹਾਂ ਦਾ ਪ੍ਰਯੋਗ ਵਿਭਿੰਨ ਭਾਸ਼ਾਵਾਂ ਕਾਰਜਾਂ ਲਈ ਕੀਤਾ ਜਾਂਦਾ ਹੈ, ਜਿਵੇਂ ਬਰੇਕਾਂ ਖੇਤ

(Brocals Area) ਭਾਸਾ ਉਤਪੰਨ ਕਰਨ ਲਈ ਅਤੇ ਵਰਨਿਕਸ ਖੇਤਰ (Wernicke's Area), ਦੂਸਰਿਆ ਦੁਆਰਾ ਬੋਲੀ ਗਈ ਭਾਸ਼ਾ ਨੂੰ ਸਮਝਣ ਲਈ ਵਰਤਿਆ ਜਾਂਦਾ ਹੈ ।

**ਆਲੋਚਨਾ**

ਚੌਂਮਸਕੀ ਦਾ ਭਾਸ਼ਾ ਗ੍ਰਹਿਣ ਕਰਨ ਦਾ ਸਿਧਾਂਤ ਵਿਦਵਾਨਾਂ ਦੀ ਆਲੋਚਨਾ ਤੋਂ ਬਚਿਆ ਹੋਇਆ ਨਹੀਂ। 1 ਮਸਕੀ ਦਾ ਸਿਧਾਂਤ ਸਿੱਧ ਕਰਨਾ ਬਹੁਤ ਮੁਸਕਿਲ ਹੈ । ਇਸ ਵਿੱਚ ਇੰਨੀਆਂ ਪਰਿਕਲਪਨਾਵਾਂ ਹਨ ਕਿ ਇਨ੍ਹਾਂ ਬਾਰੇ ਵਿਵਹਾਰਿਕ ਖੋਜ ਕਰਨਾ ਅਸੰਭਵ ਹੈ ।

2, ਵਿਆਕਰਨ ਦੇ ਸਿਧਾਂਤ, ਸਿਰਫ਼ ਸਾਕਾਰਾਤਮਿਕ ਨਿਵੇਸ (Positive Input) ਦੇ ਆਧਾਰ ਉੱਤੇ ਨਹੀਂ ਸਿੱਖੇ ਜਾ ਸਕਦੇ।

3. ਮਸਕੀ ਦੇ ਸਿਧਾਂਤ ਦੇ ਆਲੋਚਕ ਕਹਿੰਦੇ ਹਨ ਕਿ ਭਾਵੇਂ ਇਹ ਸਪਸ਼ਟ ਹੈ ਕਿ ਬੱਚੇ ਸਿਰਫ਼ ਅਨੁਕਰਨ ਦੁਆਰਾ ਹੀ ਭਾਸ਼ਾ ਨਹੀਂ ਸਿੱਖਦੇ, ਪਰੰਤੂ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਉਨ੍ਹਾਂ ਵਿੱਚ LAD ਹੁੰਦਾ ਹੈ। ਭਾਸ਼ਾ ਸਿੱਖਣ, ਸਾਧਾਰਨ ਸਿੱਖਣ ਸੂਝ-ਬੂਝ ਦੀਆਂ ਯੋਗਤਾਵਾਂ ਤੇ ਦੂਸਰੇ ਲੋਕਾਂ ਨਾਲ ਅੰਤਰਕਿਰਿਆ ਦੁਆਰਾ ਸੰਭਵ ਹੁੰਦਾ ਹੈ।

S.D. COLLEGE OF EDUCATION,BNL.
KNOWLEDGE IS VISION SUPREME
ज्ञानं चक्षुर्मनुष्याणाम